## ਪੀੜਤਾਂ ਦੇ ਹੱਕ

ਓਰੇਗਨ ਵਿੱਚ ਇੱਕ ਅਪਰਾਧ ਦੇ ਸ਼ਿਕਾਰ ਹੋਣ ਵਜੋਂ, ਤੁਹਾਨੂੰ ਕੁਝ ਹੱਕ ਹਨ ਜਿਹੜੇ ਤੁਹਾਡੀ ਰੱਖਿਆ ਕਰਨ ਵਿੱਚ ਸਹਾਇਤਾ ਕਰਦੇ ਹਨ ਅਤੇ ਇਹ ਯਕੀਨੀ ਬਣਾਉਂਦੇ ਹਨ ਕਿ ਤੁਹਾਡੇ ਨਾਲ ਨਿਰਪੱਖ ਵਿਵਹਾਰ ਕੀਤਾ ਜਾਂਦਾ ਹੈ। ਜੇ ਤੁਹਾਡਾ ਬੱਚਾ ਕਿਸੇ ਅਪਰਾਧ ਦਾ ਸ਼ਿਕਾਰ ਹੋਇਆ ਹੈ, ਤਾਂ ਇਹ ਹੱਕ ਤੁਹਾਡੇ 'ਤੇ ਵੀ ਲਾਗੂ ਹੁੰਦੇ ਹਨ।

ਅਕਸਰ, ਤੁਹਾਨੂੰ ਹੱਕਾਂ ਲਈ ਬੇਨਤੀ ਕਰਨੀ ਪਵੇਗੀ। ਅਜਿਹਾ ਕਰਨ ਦਾ ਇੱਕ ਤਰੀਕਾ ਹੈ ਆਪਣੇ ਡਿਸਟ੍ਰਿਕਟ ਅਟਾਰਨੀ ਦੇ ਦਫ਼ਤਰ ਨਾਲ ਸੰਪਰਕ ਕਰਨਾ।

### ਇੱਕ ਅਪਰਾਧ ਪੀੜਤ ਹੋਣ ਦੇ ਨਾਤੇ ਮੇਰੇ ਕੀ ਹੱਕ ਹਨ?

ਕਿਸੇ ਵੀ ਸਥਿਤੀ ਵਿੱਚ ਜਿਸ ਵਿੱਚ ਤੁਸੀਂ ਪੀੜਤ ਹੋ ਜਾਂ ਪੀੜਤ ਦੇ ਕਾਨੂੰਨੀ ਸਰਪ੍ਰਸਤ ਹੋ ਤਾਂ ਤੁਹਾਡੇ ਇਹ ਹੱਕ ਹੈ:

- ਅਦਾਲਤ ਦੀ ਖੁੱਲ੍ਹੀ ਕਾਰਵਾਈ ਵਿੱਚ ਹਿੱਸਾ ਲੈ ਸਕਦੇ ਹੋ।
- ਆਪਣੇ ਨਾਲ ਇੱਕ ਸਹਾਇਕ ਵਿਅਕਤੀ ਰੱਖ ਸਕਦੇ ਹੋ।
- ਯੋਗ ਅਪਰਾਧ-ਸਬੰਧਤ ਖਰਚਿਆਂ ਲਈ **ਮੁਆਵਜ਼ਾ** (ਅਪਰਾਧ ਕਾਰਨ ਹੋਏ ਨੁਕਸਾਨ ਲਈ ਬਚਾਓ ਪੱਖ ਤੋਂ ਭੁਗਤਾਨ) ਪਾ ਸਕਦੇ ਹੋ।
- ਅਦਾਲਤ ਦੀ ਖੁੱਲ੍ਹੀ ਕਾਰਵਾਈ ਦੀ ਪ੍ਰਤੀਲਿਪੀ ਜਾਂ ਰਿਕਾਰਡਿੰਗ ਲਈ ਬੇਨਤੀ ਕਰ ਸਕਦੇ ਹੋ। (ਤੁਹਾਨੂੰ ਫੀਸ ਦੇਣੀ ਪੈ ਸਕਦੀ ਹੈ।)
- ਉਸ ਜਾਣਕਾਰੀ ਨੂੰ ਮਹਿਫੂਜ਼ ਕਰੋ ਜ ਅਪਰਾਧੀ ਨੂੰ ਤੁਹਾਡੀ ਜਾਂ ਤੁਹਾਡੇ ਘਰ ਦੀ ਪਛਾਣ ਕਰਨ ਵਿੱਚ ਸਹਾਇਤਾ ਕਰ ਸਕਦੀ ਹੈ, ਜਿਵੇਂ ਕਿ ਤੁਹਾਡਾ ਪਤਾ, ਫ਼ੋਨ ਨੰਬਰ, ਅਤੇ ਸੋਸ਼ਲ ਸਿਕਿਉਰਿਟੀ ਨੰਬਰ।

ਤੁਹਾਡਾ ਅਟਾਰਨੀ ਵੀ ਤੁਹਾਡੇ ਲਈ ਇਹਨਾਂ ਹੱਕਾਂ ਦੀ ਵਰਤੋਂ ਕਰ ਸਕਦਾ ਹੈ। ਜੇ ਤੁਸੀਂ ਸੁਣਵਾਈ ਵਿੱਚ ਬੋਲਣਾ ਨਹੀਂ ਚਾਹੁੰਦੇ ਹੋ (ਜਦੋਂ ਉਹ ਹੱਕ ਉਪਲਬਧ ਹੁੰਦਾ ਹੈ), ਤਾਂ ਤੁਸੀਂ ਕਿਸੇ ਨੂੰ ਆਪਣੀ ਤਰਫ਼ੋਂ ਬੋਲਣ ਲਈ ਕਹਿ ਸਕਦੇ ਹੋ।

### ਗ੍ਰਿਫਤਾਰੀ ਤੋਂ ਬਾਅਦ ਤੁਹਾਡੇ ਹੱਕ

ਜੇ ਕਿਸੇ ਵਿਅਕਤੀ ਨੂੰ ਕਿਸੇ ਅਪਰਾਧ ਲਈ ਗ੍ਰਿਫਤਾਰ ਕੀਤਾ ਗਿਆ ਹੈ, ਤਾਂ ਤੁਹਾਨੂੰ ਹੇਠ ਲਿਖੇ ਕੰਮ ਕਰਨ ਦਾ ਹੱਕ ਹੈ:

- ਜੱਜ ਨੂੰ ਬਚਾਓ ਪੱਖ ਨੂੰ ਰਿਹਾਅ ਕਰਨ ਲਈ ਕਿਸੇ ਵੀ ਸੁਣਵਾਈ ਵਿੱਚ ਆਪਣੀ ਸੁਰੱਖਿਆ ਬਾਰੇ ਵਿਚਾਰ ਕਰਨ ਲਈ ਕਹਿ ਸਕਦੇ ਹੋ।
- ਵਕੀਲ ਨੂੰ ਬਚਾਓ ਪੱਖ ਲਈ ਸੰਭਾਵੀ **ਡਾਇਵਰਸ਼ਨ ਪ੍ਰੋਗਰਾਮਾਂ** (ਉਹ ਪ੍ਰੋਗਰਾਮ ਜੋ ਆਮ ਤੌਰ 'ਤੇ ਉਪਚਾਰ ਜਾ ਕੇਅਰ ਨਾਲ ਅਪਰਾਧਿਕ ਮੁਕੱਦਮੇ ਚਲਾਉਣ ਅਤੇ ਕੈਦ ਦਾ ਵਿਕਲਪ ਪੇਸ਼ ਕਰਦੇ ਹਨ) ਬਾਰੇ ਆਪਣੀਆਂ ਸਿਫ਼ਾਰਸ਼ਾਂ 'ਤੇ ਵਿਚਾਰ ਕਰਨ ਲਈ ਕਹਿ ਸਕਦੇ ਹੋ।
- ਬਚਾਓ ਪੱਖ ਦੇ ਅਟਾਰਨੀ ਜਾਂ ਨਿੱਜੀ ਜਾਂਚਕਰਤਾ ਨਾਲ ਗੱਲ ਕਰਨ ਤੋਂ ਇਨਕਾਰ ਕਰ ਸਕਦੇ ਹੋ।
- ਛੇਤੀ **ਡਿਸਪਜ਼ਿਸ਼ਨ** ਦੇ ਪ੍ਰੋਗਰਾਮਾਂ ਬਾਰੇ ਤਾਂ ਸੂਚਨਾ ਹਾਸਲ ਕਰ ਸਕਦੇ ਹੋ (ਕਿਸੇ ਕੇਸ ਬਾਰੇ ਅਦਾਲਤ ਦਾ ਅੰਤਿਮ ਨਿਰਣਾ) ਜਿਹੜੇ ਤੁਹਾਡੇ ਕੇਸ 'ਤੇ ਲਾਗੂ ਹੋ ਸਕਦੇ ਹਨ।

### ਅਦਾਲਤ ਦੀ ਕਾਰਵਾਈ ਵਿੱਚ ਤੁਹਾਡੇ ਹੱਕ

ਜੇ ਤੁਹਾਡਾ ਕੇਸ ਅਦਾਲਤ ਵਿੱਚ ਜਾਂਦਾ ਹੈ, ਤਾਂ ਤੁਹਾਡੇ ਕੋਲ ਹੇਠ ਲਿਖੇ ਕੰਮ ਕਰਨ ਦੇ ਹੱਕ ਹਨ:

- ਮੁਕੱਦਮੇ ਅਤੇ ਲੋੜੀਂਦੀ ਸੁਣਵਾਈ ਬਾਰੇ ਮਿਤੀਆਂ ਤੈਅ ਕਰਦੇ ਹੋਏ ਅਦਾਲਤ ਨੂੰ ਆਪਣੇ ਕਾਰਜਕ੍ਰਮ 'ਤੇ ਵਿਚਾਰ ਕਰਨ ਲਈ ਕਹੋ।
- ਪ੍ਰੀ-ਟਰਾਇਲ ਰਿਲੀਜ਼ ਸੁਣਵਾਈ ਵਿੱਚ ਸੁਣਿਆ ਜਾਏਗਾ।
- ਜੇ ਹੁਕਮ ਦਿੱਤਾ ਜਾਂਦਾ ਹੈ, ਤਾਂ ਸਜ਼ਾ ਤੋਂ ਪਹਿਲਾਂ ਦੀ ਜਾਂਚ ਰਿਪੋਰਟ ਵਿੱਚ ਆਪਣਾ ਬਿਆਨ ਸ਼ਾਮਲ ਕਰੋ।
- ਆਪਣੇ ਕੇਸ ਦਾ ਨਤੀਜਾ ਜਾਣੋ।

### ਡਿਸਪਜ਼ਿਸ਼ਨ (ਸਜ਼ਾ ਸੁਣਾਉਣ) ਤੋਂ ਬਾਅਦ ਤੁਹਾਡੇ ਹੱਕ

ਜੇ ਤੁਹਾਡੇ ਕੇਸ ਦੇ ਹੇਠਾਂ ਦਿੱਤੇ ਵਿਸ਼ਿਆਂ ਵਿੱਚੋਂ ਕਿਸੇ ਵਿਸ਼ੇ 'ਤੇ ਸੁਣਵਾਈ ਹੋ ਰਹੀ ਹੈ, ਤਾਂ ਤੁਹਾਨੂੰ ਉਨ੍ਹਾਂ ਸੁਣਵਾਈਆਂ 'ਤੇ ਬੋਲਣ ਦਾ ਹੱਕ ਹੈ:

- ਕੇਸ ਨੂੰ ਇਕ ਪਾਸੇ ਰੱਖਣਾ ਜਾਂ ਖਾਰਜ ਕਰਨਾ।
- ਅਪਰਾਧੀ ਦੇ ਅਪਰਾਧਿਕ ਰਿਕਾਰਡ ਤੋਂ ਦੋਸ਼ ਹਟਾਉਣਾ।
- ਇਹ ਤੈਅ ਕਰਨਾ ਕਿ ਕੀ ਇੱਕ ਅਪਰਾਧੀ ਨੂੰ ਜਿਨਸੀ ਅਪਰਾਧੀ ਵਜੋਂ ਰਜਿਸਟਰ ਕਰਨਾ ਚਾਹੀਦਾ ਹੈ ਜਾ ਨਹੀਂ।
- ਮਨੋਵਿਗਿਆਨਕ ਸੁਰੱਖਿਆ ਸਮੀਖਿਆ ਬੋਰਡ (PSRB) ਦੀਆਂ ਸੁਣਵਾਈਆਂ।

ਤੁਹਾਡੇ ਕੇਸ ਦਾ ਨਤੀਜਾ ਇਹ ਤੈਅ ਕਰਦਾ ਹੈ ਕਿ ਅਪਰਾਧੀ ਦੀ ਨਿਗਰਾਨੀ ਕੌਣ ਕਰੇਗਾ ਅਤੇ ਤੁਹਾਨੂੰ ਸੁਣਵਾਈ ਬਾਰੇ ਕੌਣ ਸੂਚਿਤ ਕਰੇਗਾ। ਇਨ੍ਹਾਂ ਤਾਂ ਸੂਚਨਾਵਾਂ ਦੀ ਬੇਨਤੀ ਕਰਨ ਲਈ, ਹੇਠ ਲਿਖੀਆਂ ਸੰਸਥਾਵਾਂ ਨੂੰ ਆਪਣੀ ਸੰਪਰਕ ਜਾਣਕਾਰੀ ਦਿਓ:

| ਕੇਸ ਦਾ ਨਤੀਜਾ | ਆਪਣੀ ਸੰਪਰਕ ਜਾਣਕਾਰੀ ਕਿੱਥੇ ਮੁਹੱਈਆ ਕਰਨੀ ਹੈ |
|---|---|
| ਜੇਲ੍ਹ ਦੀ ਸਜ਼ਾ ਸੁਣਾਉਣਾ | ਬੋਰਡ ਆਫ਼ ਪੈਰੋਲ ਅਤੇ ਪੋਸਟ-ਪ੍ਰਿਜ਼ਨ ਸੁਪਰਵਿਜ਼ਨ: 503-945-0907 |
| ਪ੍ਰੋਬੇਸ਼ਨ ਦੀ ਸਜ਼ਾ ਸੁਣਾਉਣਾ | ਤੁਹਾਡੀ ਕਾਉਂਟੀ ਦੇ ਕਮਿਊਨਿਟੀ ਕਰੇਕਸ਼ਨਸ ਜਾਂ ਪ੍ਰੋਬੇਸ਼ਨ ਵਿਭਾਗ |
| ਪੀ.ਐੱਸ.ਆਰ.ਬੀ ਦੇ ਅਧਿਕਾਰ ਖੇਤਰ ਅਧੀਨ ਰੱਖਿਆ ਗਿਆ ਹੈ | ਪੀ.ਐੱਸ.ਆਰ.ਬੀ: 503-229-5596 |


**ਕ੍ਰਾਈਮ ਵਿਕਟਿਮ ਅਤੇ ਸਰਵਾਈਵਰ ਸਰਵਿਸਿਜ਼ ਡਿਵੀਜ਼ਨ**

**ਓਰੇਗਨ ਡਿਪਾਰਟਮੈਂਟ ਆਫ਼ ਜਸਟਿਸ**

1162 Court St. NE
Salem, OR 97301

503–378–5348

ਜਾਂ

1–800–503–7983

doj.state.or.us/victims

cvssd@doj.oregon.gov


### ਪਹੁੰਚਯੋਗ ਸਮੱਗਰੀਆਂ

ਇਸ ਬਰੋਸ਼ਰ ਦੇ ਵਧੇਰੇ ਪਹੁੰਚਯੋਗ ਸੰਸਕਰਣ ਲਈ, ਜਾਂ ਇਸ ਜਾਣਕਾਰੀ ਅਤੇ CVSSD ਪ੍ਰੋਗਰਾਮਾਂ ਤੱਕ ਪਹੁੰਚ ਕਰਨ ਦੇ ਹੋਰ ਤਰੀਕਿਆਂ ਬਾਰੇ ਜਾਣਨ ਲਈ, ਸਾਡੇ ਨਾਲ ਸੰਪਰਕ ਕਰੋ।

ਈਮੇਲ: cvssd@doj.oregon.gov

ਕਾਲ: 503-378-5348 ਜਾਂ 1-800-503-7983


Victims' Rights Guide
Updated 2024 Punjabi


# ਪੀੜਤਾਂ ਦੇ ਹੱਕ ਗਾਈਡ

**ਅਪਰਾਧ ਪੀੜਤ ਅਤੇ ਸਰਵਾਈਵਰ ਸੇਵਾਵਾਂ ਦੀ ਵੰਡ**
**ਓਰੇਗਨ ਡਿਪਾਰਟਮੈਂਟ ਆਫ਼ ਜਸਟਿਸ**


1162 Court St. NE
Salem, OR 97301
503–378–5348
1–800–503–7983
doj.state.or.us/victims
cvssd@doj.oregon.gov


**ਹਰ ਪੀੜਤ, ਹਰ ਜੁਰਮ,**
**ਹਰ ਹੱਕ, ਹਰ ਵਾਰ।**

## ਮੈਂ ਹੋਰ ਕਿਹੜੇ ਹੱਕਾਂ ਲਈ ਬੇਨਤੀ ਕਰ ਸਕਦਾ ਹਾਂ?

ਕਿਸੇ ਵੀ ਸਥਿਤੀ ਵਿੱਚ ਜਿਸ ਵਿੱਚ ਤੁਸੀਂ ਪੀੜਤ ਹੋ ਜਾਂ ਪੀੜਤ ਦੇ ਕਾਨੂੰਨੀ ਸਰਪ੍ਰਸਤ ਹੋ, ਤੁਸੀਂ ਆਖ ਸਕਦੇ ਹੋ:

- ਜਿਨਸੀ ਤੌਰ 'ਤੇ ਸਪਸ਼ਟ ਤਸਵੀਰਾਂ ਜਾਂ ਰਿਕਾਰਡਿੰਗਾਂ ਨੂੰ ਸਾਂਝਾ ਕਰਨਾ ਸੀਮਤ ਕਰੋ।
- ਕੁਝ ਖੁੱਲ੍ਹੀ ਅਦਾਲਤੀ ਕਾਰਵਾਈਆਂ ਬਾਰੇ ਸੂਚਿਤ ਕੀਤੇ ਜਾਣ ਦੀ ਬੇਨਤੀ ਕਰ ਸਕਦੇ ਹੋ।
- ਅਪਰਾਧੀ ਦੇ ਅਪਰਾਧਿਕ ਇਤਿਹਾਸ ਬਾਰੇ ਨਿਸ਼ਚਿਤ ਜਾਣਕਾਰੀ ਪਾਓ।
- ਅਪਰਾਧੀ ਦੇ HIV ਜਾਂ ਹੋਰ ਬਿਮਾਰੀਆਂ ਦੀ ਜਾਂਚ ਕਰੋ ਕਿ ਕੀ ਬਿਮਾਰੀਆਂ ਸੰਚਾਰਿਤ ਹੋ ਸਕਦੀਆਂ ਹਨ।

## ਗ੍ਰਿਫਤਾਰੀ ਤੋਂ ਬਾਅਦ ਹੱਕ

ਜੇ ਕਿਸੇ ਵਿਅਕਤੀ ਨੂੰ ਅਪਰਾਧ ਲਈ ਗ੍ਰਿਫਤਾਰ ਕੀਤਾ ਜਾਂਦਾ ਹੈ, ਤਾਂ ਤੁਸੀਂ:

- ਕੁਝ ਖੁੱਲ੍ਹੀ ਅਦਾਲਤੀ ਕਾਰਵਾਈਆਂ ਬਾਰੇ ਸੂਚਿਤ ਕੀਤੇ ਜਾਣ ਦੀ ਬੇਨਤੀ ਕਰ ਸਕਦੇ ਹੋ।
- ਆਉਣ ਵਾਲੀ ਰਿਹਾਈ ਦੀ ਸੁਣਵਾਈ ਬਾਰੇ ਸੂਚਿਤ ਕੀਤੇ ਜਾਣ ਦੀ ਬੇਨਤੀ ਕਰ ਸਕਦੇ ਹੋ।
- ਹਿੰਸਕ ਘੋਰ ਅਪਰਾਧ ਦੇ ਮਾਮਲੇ ਵਿੱਚ ਪਟੀਸ਼ਨ ਬਾਰੇ ਸਲਾਹ ਲਈ ਬੇਨਤੀ ਕਰ ਸਕਦੇ ਹੋ।

## ਅਦਾਲਤੀ ਕਾਰਵਾਈ ਦੇ ਹੱਕ

ਜੇ ਤੁਹਾਡਾ ਕੇਸ ਅਦਾਲਤ ਵਿੱਚ ਜਾਂਦਾ ਹੈ, ਤਾਂ ਤੁਸੀਂ:

- ਸਜ਼ਾ ਸੁਣਾਉਣ ਦੀ ਸੁਣਵਾਈ 'ਤੇ ਬੋਲਣ ਲਈ ਜਾਂ ਲਿਖਤੀ ਬਿਆਨ ਦਰਜ ਲਈ ਬੇਨਤੀ ਕਰ ਸਕਦੇ ਹੋ।
- ਜੇ ਕੇਸ ਜਿਨਸੀ ਅਪਰਾਧ ਨਾਲ ਜੁੜਿਆ ਹੋਇਆ ਹੈ ਤਾਂ ਅਦਾਲਤੀ ਕਾਰਵਾਈਆਂ ਦੀ ਫੋਟੋਗ੍ਰਾਫੀ ਅਤੇ ਆਡੀਓ ਅਤੇ ਵੀਡੀਓ ਰਿਕਾਰਡਿੰਗ ਨੂੰ ਰੋਕਣ ਲਈ ਬੇਨਤੀ ਕਰ ਸਕਦੇ ਹੋ।

## ਡਿਸਪਜ਼ਿਸ਼ਨ ਤੋਂ ਬਾਅਦ ਹੱਕ

ਜਿਨਸੀ ਅਪਰਾਧ ਦੇ ਮਾਮਲਿਆਂ ਵਿੱਚ, ਤੁਹਾਨੂੰ ਅਪਰਾਧੀ ਨਾਲ ਕੋਈ ਸੰਪਰਕ ਨਾ ਕਰਨ ਦਾ ਹੱਕ ਹੈ। ਸਾਰੇ ਅਪਰਾਧਿਕ ਮਾਮਲਿਆਂ ਲਈ, ਅਪਰਾਧੀ ਨੂੰ ਪ੍ਰਾਪਤ ਸਜ਼ਾ ਦੇ ਆਧਾਰ 'ਤੇ, ਤੁਸੀਂ ਕੁਝ ਹੱਕਾਂ ਲਈ ਬੇਨਤੀ ਕਰ ਸਕਦੇ ਹੋ।

| ਕੇਸ ਦਾ ਨਤੀਜਾ | ਤੁਸੀਂ ਕੀ ਬੇਨਤੀ ਕਰ ਸਕਦੇ ਹੋ |
|---|---|
| ਜੇਲ੍ਹ ਦੀ ਸਜ਼ਾ ਸੁਣਾਉਣਾ | • ਜਦੋਂ ਅਪਰਾਧੀ ਨੂੰ ਜੇਲ੍ਹ ਤੋਂ ਰਿਹਾ ਕੀਤਾ ਜਾਂਦਾ ਹੈ ਤਾਂ ਇਸ ਬਾਰੇ ਸੂਚਨਾ ਪਾਉਣਾ।<br>• ਪੈਰੋਲ ਦੀ ਸੁਣਵਾਈ ਲਈ 30 ਦਿਨਾਂ ਦਾ ਨੋਟਿਸ। |
| ਪ੍ਰੋਬੇਸ਼ਨ ਦੀ ਸਜ਼ਾ ਸੁਣਾਉਣਾ | • ਪ੍ਰੋਬੇਸ਼ਨ ਰੱਦ ਕਰਨ 'ਤੇ ਕਿਸੇ ਵੀ ਸੁਣਵਾਈ ਬਾਰੇ ਸੂਚਨਾ ਪਾਉਣਾ। |
| PSRB ਅਧਿਕਾਰ ਖੇਤਰ ਦੇ ਅਧੀਨ ਰੱਖਿਆ ਗਿਆ | • ਅਪਰਾਧੀ ਦੇ ਕੇਸ ਬਾਰੇ ਕੁਝ ਖਾਸ ਜਾਣਕਾਰੀ।<br>• ਸੁਣਵਾਈਆਂ ਦੀ ਸੂਚਨਾ। |

## ਕੁਝ ਖਾਸ ਪੀੜਤਾਂ ਲਈ ਹੱਕ

ਜੇ ਤੁਸੀਂ **ਦੁਰਵਿਵਹਾਰ, ਜਿਨਸੀ ਪਰੇਸ਼ਾਨੀ, ਘਰੇਲੂ ਹਿੰਸਾ, ਜਾਂ ਪਿੱਛਾ ਕਰਨ** ਦੇ ਸ਼ਿਕਾਰ ਹੋ ਤਾਂ ਤੁਹਾਨੂੰ ਹੇਠਾਂ ਲਿਖੇ ਹੱਕ ਹੋ ਸਕਦੇ ਹਨ:

- ਅਦਾਲਤ ਜਾਂ ਡਾਕਟਰੀ ਅਪੌਇੰਟਮੈਂਟਾਂ ਵਿੱਚ ਹਾਜ਼ਰ ਹੋਣ ਲਈ ਕੰਮ ਤੋਂ ਸਮਾਂ ਕੱਢਣਾ।
- ਕਿਰਾਏ ਦੇ ਸਮਝੌਤੇ ਨੂੰ ਜਲਦੀ ਖਤਮ ਕਰਨਾ।
- ਬੇਰੋਜ਼ਗਾਰੀ ਲਾਭਾਂ ਤੋਂ ਅਯੋਗ ਨਾ ਠਹਿਰਾਇਆ ਜਾਣਾ।
- ਆਪਣੇ ਤਾਲਿਆਂ ਨੂੰ ਬਦਲਣਾ।
- ਜਨਤਕ ਰਿਹਾਇਸ਼ ਲਈ ਵਿਸ਼ੇਸ਼ ਪ੍ਰਬੰਧ ਪ੍ਰਾਪਤ ਕਰਨਾ।
- ਆਪਣੀ ਫ਼ੋਨ ਕੰਪਨੀ ਨਾਲ ਇੱਕ ਭੁਗਤਾਨ ਯੋਜਨਾ ਸੈਟ ਅਪ ਕਰਨਾ।

ਜੇ ਤੁਸੀਂ ਕਿਸੇ **ਅਪਾਹਜ ਵਿਅਕਤੀ ਜਾਂ ਬਜ਼ੁਰਗ ਦੇ ਵਿਰੁੱਧ ਪਰਿਵਾਰਕ ਜਾਂ ਜਿਨਸੀ ਸ਼ੋਸ਼ਣ, ਪਿੱਛਾ ਕਰਨ, ਜਾਂ ਦੁਰਵਿਵਹਾਰ ਦਾ ਸ਼ਿਕਾਰ ਹੋ**, ਤਾਂ ਤੁਸੀਂ ਇੱਕ ਪ੍ਰੋਟੇਕਟਿਵ ਆਰਡਰ (ਇੱਕ ਵਿਅਕਤੀ ਨੂੰ ਤੁਹਾਡੇ ਨਾਲ ਦੁਰਵਿਵਹਾਰ ਜਾਂ ਪਰੇਸ਼ਾਨ ਕਰਨ ਤੋਂ ਰੋਕਣ ਲਈ ਹਿਦਾਇਤਾਂ ਦੇਣ ਵਾਲਾ ਆਦੇਸ਼) ਦੀ ਬੇਨਤੀ ਕਰ ਸਕਦੇ ਹੋ।

ਜੇ ਤੁਸੀਂ **ਜਿਨਸੀ ਹਮਲੇ ਦੇ ਸ਼ਿਕਾਰ ਹੋ**, ਤਾਂ ਤੁਸੀਂ ਹਸਪਤਾਲ ਤੋਂ ਐਮਰਜੈਂਸੀ ਗਰਭ ਨਿਰੋਧ ਪਾ ਸਕਦੇ ਹੋ।

ਜੇ ਤੁਸੀਂ **ਘਰੇਲੂ ਹਿੰਸਾ ਦੇ ਪੀੜਤ ਹੋ**, ਤਾਂ ਤੁਸੀਂ ਓਰੇਗਨ ਟੈਂਪਰੇਰੀ ਅਸਿਸਟੈਂਸ ਟੂ ਡੋਮੇਸਟਿਕ ਵਾਇਲੈਂਸ ਸਰਵਾਈਵਰਜ਼ ਫੰਡ ਰਾਹੀਂ ਵਿੱਤੀ ਸਹਾਇਤਾ ਪਾ ਸਕਦੇ ਹੋ।

ਜੇ ਤੁਸੀਂ ਇੱਕ **ਪ੍ਰਵਾਸੀ** ਹੋ, ਤਾਂ ਤੁਹਾਡੇ ਕੋਲ ਵਾਧੂ ਕਾਨੂੰਨੀ ਵਿਕਲਪ ਹੋ ਸਕਦੇ ਹਨ। ਤੁਹਾਡੀ ਇਮੀਗ੍ਰੇਸ਼ਨ ਸਥਿਤੀ ਇੱਕ ਅਪਰਾਧ ਪੀੜਤ ਵਜੋਂ ਤੁਹਾਡੇ ਹੱਕਾਂ ਨੂੰ ਪ੍ਰਭਾਵਤ ਨਹੀਂ ਕਰਦੀ ਹੈ।

ਜੇ ਤੁਸੀਂ ਕਿਸੇ ਅਜਿਹੇ ਅਪਰਾਧ ਦੇ ਸ਼ਿਕਾਰ ਹੋ ਜਿਸ ਵਿੱਚ **ਸਰੀਰਕ ਸੱਟ ਜਾਂ ਮੌਤ ਸ਼ਾਮਲ ਹੈ**, ਤਾਂ ਤੁਸੀਂ ਕਾਉਂਸਲਿੰਗ, ਡਾਕਟਰੀ ਦੇਖਭਾਲ, ਅਤੇ ਅੰਤਿਮ-ਸੰਸਕਾਰ ਦੇ ਖਰਚਿਆਂ ਲਈ ਵਿੱਤੀ ਸਹਾਇਤਾ ਪਾ ਸਕਦੇ ਹੋ। ਵਧੇਰੇ ਜਾਣਕਾਰੀ ਲਈ ਕ੍ਰਾਈਮ ਵਿਕਟਿਮਸ ਕੰਪਨਸੇਸ਼ਨ ਪ੍ਰੋਗਰਾਮ ਨਾਲ ਸੰਪਰਕ ਕਰੋ।

## ਮੈਂ ਹੱਕਾਂ ਦੀ ਬੇਨਤੀ ਕਿਵੇਂ ਕਰ ਸਕਦਾ ਹਾਂ?

ਹੱਕਾਂ ਦੀ ਬੇਨਤੀ ਕਰਨ ਜਾਂ ਹੋਰ ਜਾਣਕਾਰੀ ਪ੍ਰਾਪਤ ਕਰਨ ਲਈ ਆਪਣੇ ਸਥਾਨਕ ਡਿਸਟ੍ਰਿਕਟ ਅਟਾਰਨੀ ਦੇ ਦਫ਼ਤਰ ਜਾਂ ਵਿਕਟਿਮ ਅਸਿਸਟੈਂਸ ਪ੍ਰੋਗਰਾਮ ਨਾਲ ਸੰਪਰਕ ਕਰੋ।

## ਜੇ ਮੇਰੇ ਕੇਸ ਦੀ ਅਪੀਲ ਕੀਤੀ ਜਾਵੇ ਤਾਂ ਕੀ ਹੋਵੇਗਾ?

ਜੇ ਤੁਹਾਡੇ ਕੇਸ ਦੀ ਅਪੀਲ ਕੀਤੀ ਜਾ ਰਹੀ ਹੈ (ਜੇ ਫੈਸਲਾ ਰੱਦ ਕੀਤਾ ਜਾ ਰਿਹਾ ਹੈ), ਤਾਂ ਤੁਹਾਡੇ ਕੋਲ ਵਾਧੂ ਹੱਕ ਹੋ ਸਕਦੇ ਹਨ। ਵਧੇਰੇ ਜਾਣਕਾਰੀ ਲਈ ਓਰੇਗਨ ਡਿਪਾਰਟਮੈਂਟ ਆਫ਼ ਜਸਟਿਸ ਐਪੀਲੇਟ ਐਡਵੋਕੇਸੀ ਪ੍ਰੋਗਰਾਮ ਨਾਲ ਸੰਪਰਕ ਕਰੋ।

## ਮੈਂ ਇਹ ਕਿਵੇਂ ਯਕੀਨੀ ਬਣਾ ਸਕਦਾ ਹਾਂ ਕਿ ਮੇਰੇ ਹੱਕ ਸੁਰੱਖਿਅਤ ਹਨ?

ਇਹ ਯਕੀਨੀ ਬਣਾਓ ਕਿ ਡਿਸਟ੍ਰਿਕਟ ਅਟਾਰਨੀ ਦੇ ਦਫ਼ਤਰ ਜਾਂ ਕਿਸ਼ੋਰ ਵਿਭਾਗ ਕੋਲ ਤੁਹਾਡੀ ਮੌਜੂਦਾ ਸੰਪਰਕ ਜਾਣਕਾਰੀ ਹੈ।

ਜੇ ਤੁਹਾਨੂੰ ਅਜਿਹਾ ਲੱਗਦਾ ਹੈ ਕਿ ਤੁਹਾਡੇ ਸੰਵਿਧਾਨਕ ਹੱਕਾਂ ਦਾ ਸਨਮਾਨ ਨਹੀਂ ਕੀਤਾ ਜਾ ਰਿਹਾ ਹੈ, ਤਾਂ ਤੁਸੀਂ ਇੱਕ ਨਿਸ਼ਚਿਤ ਸਮਾਂ ਸੀਮਾ ਦੇ ਦਰਮਿਆਨ ਉਲੰਘਣ ਦਾ ਦਾਅਵਾ ਦਾਇਰ ਕਰ ਸਕਦੇ ਹੋ। ਵਧੇਰੇ ਜਾਣਕਾਰੀ ਲਈ, doj.state.or.us/victims-rights-enforcement 'ਤੇ ਜਾਓ।

## ਕੀ ਮੈਂ ਇਸ ਬਰੋਸ਼ਰ ਦੀਆਂ ਵਾਧੂ ਕਾਪੀਆਂ ਲਈ ਬੇਨਤੀ ਕਰ ਸਕਦਾ ਹਾਂ?

ਹਾਂ। ਕਿਰਪਾ ਕਰਕੇ ਹੇਠਾਂ ਦਿੱਤੀ ਸੰਪਰਕ ਜਾਣਕਾਰੀ ਦੀ ਵਰਤੋਂ ਕਰਕੇ ਸਾਨੂੰ ਕਾਲ ਕਰੋ। ਇਹ ਬਰੋਸ਼ਰ ਉਪਲਬਧ ਹੈ:

- ਕੋਰੀਅਨ
- ਰੂਸੀ
- ਸਰਲੀਕ੍ਰਿਤ ਚੀਨੀ
- ਸਪੇਨੀ
- ਵੀਅਤਨਾਮੀ
- ਯੂਕਰੇਨੀ

## ਸਾਡੇ ਨਾਲ ਸੰਪਰਕ ਕਰੋ

**Crime Victim and Survivor Services Division**
**Oregon Department of Justice**
1162 Court St. NE
Salem, OR 97301

ਫ਼ੋਨ: 503-378-5348 ਜਾਂ 1-800-503-7983

ਫੈਕਸ: 503-378-5738

doj.state.or.us/victims

cvssd@doj.oregon.gov

**ਇਹਨਾਂ ਵਿੱਚੋਂ ਕਿਸੇ ਵੀ ਹੱਕ ਦੀ ਵਰਤੋਂ ਅਪਰਾਧ ਪੀੜਤ ਨੂੰ ਸਿਵਲ ਮੁਕੱਦਮਾ ਦਾਇਰ ਕਰਨ ਤੋਂ ਨਹੀਂ ਰੋਕਦੀ ਹੈ।**

## ਵਿਕਟਿਮ ਸਰਵਿਸਿਸ ਸੰਪਰਕ ਜਾਣਕਾਰੀ

ਐਪੀਲੇਟ ਐਡਵੋਕੇਸੀ ਪ੍ਰੋਗਰਾਮ
503-378-4284

ਸੇਫਟੀ ਲਈ ਕਾਲ ਕਰੋ: ਸਥਾਨਕ ਸੰਕਟ ਪ੍ਰੋਗਰਾਮਾਂ ਲਈ ਰਾਜ ਵਿਆਪੀ ਰੈਫਰਲ
1-888-235-5333

ਕੈਥੋਲਿਕ ਚੈਰਿਟੀਜ਼ ਇਮੀਗ੍ਰੇਸ਼ਨ ਕਾਨੂੰਨੀ ਸਰਵਿਸਾਂ
503-542-2855

ਅਪਰਾਧ ਪੀੜਤਾਂ ਦਾ ਮੁਆਵਜ਼ਾ ਪ੍ਰੋਗਰਾਮ
1-800-503-7983

ਡਿਸਏਬਿਲਟੀ ਰਾਈਟਸ ਓਰੇਗਨ, ਕ੍ਰਾਈਮ ਸਰਵਾਈਵਰ ਪ੍ਰੋਜੈਕਟ
502–243–2081 x243

ਇਮੀਗ੍ਰੇਸ਼ਨ ਕਾਉਂਸਲਿੰਗ ਸਰਵਿਸ
503-221-1689

ਓਰੇਗਨ ਬੋਰਡ ਆਫ਼ ਪੈਰੋਲ ਅਤੇ ਪੋਸਟ-ਪ੍ਰਿਜ਼ਨ ਸੁਪਰਵਿਜ਼ਨ:
503-945-0907

ਓਰੇਗਨ ਕ੍ਰਾਈਮ ਵਿਕਟਿਮਸ ਲਾਅ ਸੈਂਟਰ
503-208-8160

ਓਰੇਗਨ ਸਟੇਟ ਬਾਰ
1-800-452-8260
osbar.org/public

ਓਰੇਗਨ ਸਟੇਟ ਪੁਲਿਸ ਸੈਕਸ ਔਫੈਂਡਰ ਰਜਿਸਟਰੀ
503-934-1258

ਓਰੇਗਨ ਯੂਥ ਅਥਾਰਟੀ
503-373-7205

ਮਾਨਸਿਕ ਸੁਰੱਖਿਆ ਸਮੀਖਿਆ ਬੋਰਡ (PSRB)
503-229-5596

ਰਾਜ ਵਿਆਪੀ ਕਾਨੂੰਨੀ ਸਹਾਇਤਾ ਬਾਰੇ ਜਾਣਕਾਰੀ
oregonlawhelp.org

ਓਰੇਗਨ ਵਿੱਚ ਪੀੜਤ ਸੂਚਨਾ ਪ੍ਰਣਾਲੀ (VISOR)
855-691-6246
visor.oregon.gov